
WHITE CROW PUBLISHERS



# ਗੁਲਰੁਖੀ

ਰੇਮਨ

# ਗੁਲਰੁਥੀ

## ਰੇਮਨ

# ਤਤਕਰਾ


ਰੁਕਮਣੀ 3

ਐਸੇ ਕਿਉਂ ਲਗਤਾ ਹੈ 26

ਤੂੰ ਨਹੀਂ ਸਮਝੇਂਗਾ ਆਸਿਮ ਅਲੀ 41

ਕੀ ਦਿੱਕਤ ਹੈ ? 55

ਚਾਲੀ ਦਿਨ 65

ਲਾਹੌਰੀ ਗੇਟ 87

ਸਭ ਤੋਂ ਜ਼ਰੂਰੀ ਕੀ ? 107

ਗੁਲਸਿਤਾਂ ਹਮਾਰਾ... 126

ਮੁੰਡਾ ਕੌਣ ਸੀ? 141

ਬੇਵਕੂਫ਼ II 155

ਗੁਲਰੁਖੀ 168

# ਰੁਕਮਣੀ

ਮਰਾਠਾ ਰਾਣੀ ਦੇਵੀ ਰੁਕਮਣੀ ਦੇ ਲੰਮੇ ਕੇਸਾਂ ਨੂੰ ਗੁੰਦ ਕੇ ਦਾਸੀ ਨੇ ਇੱਤਰ ਦੀਆਂ ਬੂੰਦਾਂ ਮੋਢਿਆਂ 'ਤੇ ਛਿੜਕ ਦਿੱਤੀਆਂ ਹਨ। ਗੁਲਾਬ ਦੀ ਮਦਹੋਸ਼ ਕਰਨ ਵਾਲੀ ਵਾਸ਼ਨਾ ਉਹਨਾਂ ਦੇ ਬਿਸਤਰੇ ਉੱਤੋਂ ਹੋ ਕੇ ਖਿੜਕੀ 'ਤੇ ਲੱਗੇ ਰੇਸ਼ਮੀ ਪਰਦਿਆਂ 'ਤੇ ਜਾ ਕੇ ਬਹਿ ਗਈ ਹੈ। ਲੰਮੇ ਕੇਸਾਂ ਦੀ ਮਜ਼ਬੂਤ ਗੁੱਤ ਧਰਤੀ ਨੂੰ ਛੂਹ ਰਹੀ ਹੈ। ਕੰਧਾਂ 'ਤੇ ਹੋਈ ਮੀਨਾਕਾਰੀ ਵੱਧ ਖ਼ੂਬਸੂਰਤ ਹੈ ਜਾਂ ਰਾਣੀ ਦੀ ਪੁਸ਼ਾਕ 'ਤੇ ਹੋਈ ਮਹੀਨ ਕਢਾਈ। ਇਹਦਾ ਫ਼ੈਸਲਾ ਕਰਨ ਲਈ ਦਿਨ ਦੇ ਕਈ ਪਹਿਰ ਲੱਗ ਸਕਦੇ ਹਨ। ਰਾਣੀ ਦਾ ਲਹਿੰਗਾ ਉਹਨਾਂ ਦੀ ਪਤਲੀ ਕਮਰ ਤੱਕ ਆਉਂਦਾ ਕਈ ਵਲ਼ ਖਾ ਗਿਆ ਹੈ। ਮਹਾਰਾਜ ਦੁਆਰਾ ਤੋਹਫ਼ੇ 'ਚ ਦਿੱਤਾ ਕਮਰਬੰਦ ਕਿਸੇ ਵੀ ਕਮਜ਼ੋਰ ਦਿਲ ਆਦਮੀ ਦੀ ਜਾਨ ਕੱਢ ਸਕਦਾ ਹੈ। ਸਰੀਰ ਦੇ ਉੱਪਰਲੇ ਹਿੱਸੇ 'ਤੇ ਪਹਿਨੀ ਹੋਈ ਬਟਨਾਂ ਵਾਲੀ ਆੜੂ ਰੋਗੀ ਕੁੜਤੀ ਉਹਨਾਂ ਦੇ ਰੰਗ ਨੂੰ ਹੋਰ ਗੋਰਾ

ਲੱਗਣ ਲਾ ਰਹੀ ਹੈ। ਉਹਨਾਂ ਦੇ ਇਕਸਾਰ ਜੜੇ ਹੋਏ ਮੋਤੀ ਦੰਦ ਤੇ ਖ਼ੂਬਸੂਰਤ ਬੁੱਲ੍ਹ ਉਹੀ ਬੁੱਲ੍ਹ ਹਨ, ਜਿਨ੍ਹਾਂ ਨੂੰ ਔਰਤਾਂ ਲੋਕਗੀਤਾਂ ਵਿਚ ਮੰਗਦੀਆਂ ਹਨ । ਉਹਨਾਂ ਦੇ ਕੰਨਾਂ 'ਚ ਪਾਏ ਸੁੰਦਰ ਕਾਂਟੇ ਨਾਲ ਲੱਗਦੇ ਰਾਜਾਂ 'ਚ ਕਿਸੇ ਰਾਣੀ ਕੋਲ ਨਹੀਂ ਹਨ। ਸ਼ਿੰਗਾਰ ਕਰਨ ਦੀ ਸੂਝ ਵੀ ਰਾਣੀ ਰੁਕਮਣੀ ਜਿੰਨੀ ਕਿਸੇ ਦੇ ਪਾਸ ਨਹੀਂ ਹੈ। ਅਸਲ ਵਿਚ ਜੋ ਕੁਝ ਵੀ ਤੇਈ ਸਾਲ ਦੀ ਰਾਣੀ ਰੁਕਮਣੀ ਦੇ ਕੋਲ ਹੈ, ਉਹ ਹੋਰ ਕਿਸੇ ਪਾਸ ਨਹੀਂ।

ਆਪਣੇ ਰੂਪ ਨੂੰ ਸ਼ੀਸ਼ੇ 'ਚ ਨੀਝ ਨਾਲ ਵੇਖਦੀ ਮਹਾਰਾਣੀ ਦੀ ਸ਼ੋਭਾ ਵਿਚ ਦਾਸੀ ਚਾਰ ਗਿੱਠ ਝੁਕ ਗਈ ਹੈ। ਬੇਹੱਦ ਪਿਆਰੀ ਆਵਾਜ਼ 'ਚ ਉਹਨੇ ਸੂਚਨਾ ਦਿੱਤੀ ਹੈ ਕਿ ਮੂਰਤੀ ਘਾੜਾ ਆ ਗਿਆ ਹੈ। ਰਾਣੀ ਨੇ ਉਹਨੂੰ ਬਗ਼ੀਚੇ ਵਿਚ ਮਿਲਣ ਦਾ ਸਮਾਂ ਦਿੱਤਾ ਹੈ। ਇਸ ਮੂਰਤੀ ਘਾੜੇ ਦੇ ਹੱਥੋਂ ਬਣੀ ਭਗਵਾਨ ਸ਼ਿਵ ਦੀ ਮੂਰਤੀ ਰਾਣੀ ਰੁਕਮਣੀ ਨੇ ਹੋਲੀ ਦੇ ਦਿਨ ਪਿੰਡ ਵਿਚ ਵੇਖੀ ਸੀ। ਮੂਰਤੀਕਾਰ ਦੀ ਕਲਾ ਅੱਗੇ ਰਾਣੀ ਦਾ ਸਿਰ ਝੁਕ ਗਿਆ। ਉਹਨਾਂ ਬੁੱਤ ਘਾੜੇ ਨੂੰ

ਸਿੱਧਾ ਮਹਿਲ ਵਿਚ ਪਹੁੰਚਣ ਦਾ ਹੁਕਮ ਦਿੱਤਾ । ਇਸ ਸੰਬੰਧ ‘ਚ ਰਾਜਾ ਨੰਦਰਾਜ ਨੂੰ ਉਹਨਾਂ ਨੇ ਉਚੇਚਾ ਦੱਸਿਆ ਸੀ, ਪਰ ਉਹਨਾਂ ਰਾਣੀ ਦੀ ਗੱਲ ਨੂੰ ਬਹੁਤਾ ਧਿਆਨ ਦੇ ਕੇ ਨਹੀਂ ਸੁਣਿਆ ਸੀ। ਰਾਣੀ ਨੂੰ ਰਾਜਾ ਸਾਹਬ ਦੇ ਰੁਝੇਵੇਂ ਪਤਾ ਹਨ, ਇਹ ਰੁਝੇਵੇਂ ਹੀ ਸਾਰਾ ਦਿਨ ਉਹਨਾਂ ਵਿਚ ਵਿਛੋੜਾ ਪਾਈ ਰੱਖਦੇ ਹਨ, ਪਰ ਰਾਤ ਨੂੰ ਰਾਜਾ ਨੰਦਰਾਜ ਰਾਣੀ ਰੁਕਮਣੀ ਕੋਲ ਕਿਉਂ ਨਹੀਂ ਆਉਂਦੇ, ਇਹਦਾ ਜਵਾਬ ਅਜੇ ਤੱਕ ਉਹ ਨਹੀਂ ਤਲਾਸ਼ ਸਕੇ ਹਨ। ਨਵੇਂ ਗਹਿਣੇ, ਸ਼ਿੰਗਾਰ ਤੇ ਲਿਬਾਸ ਨਾਲ ਰਾਣੀ ਨੂੰ ਇਸ਼ਕ ਹੈ, ਮਹਿਲ ਦੇ ਬੋਝਲ ਤੇ ਜ਼ਿੰਮੇਵਾਰੀਆਂ ਭਰੇ ਕੌਮ ਉਹਨਾਂ ਤੋਂ ਕੋਹਾਂ ਦੂਰ ਹਨ। ਉਹਨਾਂ ਦਾ ਹਾਰ ਸ਼ਿੰਗਾਰ ਤੇ ਸੁੰਦਰ ਰੂਪ ਹੀ ਹੈ ਕਿ ਰਾਜਾ ਨੰਦਰਾਜ ਨੇ ਉਹਨਾਂ ਦੇ ਪਿਤਾ ਨੂੰ ਬੇਨਤੀ ਕਰਕੇ ਉਹਨਾਂ ਦਾ ਰਿਸ਼ਤਾ ਮੰਗਿਆ ਸੀ। ਚੁੰਨੀ ਦਾ ਖ਼ੂਬਸੂਰਤ ਪੱਲਾ ਸਿਰ 'ਤੇ ਠੀਕ ਕਰਦਿਆਂ ਆਪਣੀਆਂ ਖ਼ਾਸ ਗੋਲੀਆਂ ਨਾਲ ਬਾਗ਼ ਜਾਂਦਿਆਂ ਰਾਣੀ ਰੁਕਮਣੀ ਦਾ ਧਿਆਨ ਮੁੜ ਮੁੜ ਆਪਣੇ ਖ਼ੂਬਸੂਰਤ ਪੈਰਾਂ ਵੱਲ ਗਿਆ ਹੈ। ਉਹਨਾਂ ਨੂੰ ਪੈਰਾਂ ‘ਚ

ਪਾਏ ਬਿਛੂਏ ਪੁਰਾਣੇ ਹੋ ਗਏ ਲੱਗੇ ਹਨ। ਉਹਨਾਂ ਮਨ ਹੀ ਮਨ ਸੋਚ ਲਿਆ ਹੈ ਕਿ ਅੱਜ ਸ਼ਾਮ ਨੂੰ ਉਹ ਸੁਨਿਆਰੇ ਨਾਲ ਵੀ ਖ਼ੁਦ ਮਿਲਣਗੇ। ਸਵੇਰ ਨਾਲ ਹੀ ਬਾਗ਼ ਵਿਚ ਆਪਣੇ ਸ਼ਾਹੀ ਅੰਦਾਜ਼ ਨਾਲ ਬੈਠੀ ਰਾਣੀ ਰੁਕਮਣੀ ਦੀ ਸ਼ੋਭਾ ਵਿਚ ਬੁੱਤ-ਘਾੜਾ ਆਣ ਹਾਜ਼ਰ ਹੋਇਆ ਹੈ। ਰਾਣੀ ਨੇ ਵੇਖਿਆ ਹੈ, ਬੁੱਤ-ਘਾੜਾ ਪੰਝੀ ਕੁ ਸਾਲ ਦਾ ਨੌਜਵਾਨ ਹੈ। ਜਿਸ ਦੇ ਗਲ ਕਮੀਜ਼ ਨਹੀਂ ਤੇੜ ਧੋਤੀ ਹੈ ਕੇਵਲ ! ਉਸਦਾ ਤਾਂਬੇ ਰੰਗਾ ਸਰੀਰ ਚਮਕ ਰਿਹਾ ਹੈ। ਗਲੇ ਵਿਚ ਕਾਲਾ ਧਾਗਾ ਤੇ ਪੈਰਾਂ 'ਚ ਪੈਂਖੜ ਹਨ। ਕੰਨਾਂ ਵਿਚ ਗੋਲ ਵਾਲੀਆਂ ਹਨ। ਨੌਜਵਾਨ ਨੇ ਨੀਵੀਂ ਪਾ ਰੱਖੀ ਹੈ। ਨੌਜਵਾਨ ਨੂੰ ਵੇਖਦਿਆਂ ਰਾਣੀ ਰੁਕਮਣੀ ਨੂੰ ਹੁਕਮ ਦੇਣ ਦੀ ਜਾਂਚ ਭੁੱਲ ਗਈ ਹੈ। ਇਕ ਨਜ਼ਰ ਉਹਨਾਂ ਨੌਜਵਾਨ ਦੇ ਕਾਲੇ ਘੁੰਗਰਾਲੇ ਖ਼ੂਬਸੂਰਤ ਸੰਘਣੇ ਕੇਸਾਂ ਨੂੰ ਵੇਖਿਆ ਹੈ ਤੇ ਦੂਜੀ ਨਜ਼ਰ ਨੌਜਵਾਨ ਦੇ ਗਠੇ ਹੋਏ ਸਰੀਰ 'ਤੇ ਟਿਕ ਗਈ ਹੈ। ਅਚਾਨਕ ਰਾਣੀ ਨੂੰ ਦਾਸੀਆਂ ਦੀ ਹਾਜ਼ਰੀ ਦਾ ਖ਼ਿਆਲ਼ ਆਇਆ ਤਾਂ ਉਹਨਾਂ ਰਤਾ ਸਖ਼ਤ ਆਵਾਜ਼ ਵਿਚ ਕਿਹਾ, "ਇਹ ਕੀ